16 ਵੀਂ ਵਿਧਾਨ ਸਭਾ

ਅੱਠਵਾਂ (ਬਜਟ) ਸਮਾਗਮ, 2025

**ਪੰਜਾਬ ਵਿਧਾਨ ਸਭਾ ਸਕੱਤਰੇਤ**

**(ਵਿਧਾਨ ਸ਼ਾਖਾ)**

**ਨੰ: 8—ਐਲ.ਏ.—2025/4085**

**ਮਾਣਯੋਗ ਰਾਜਪਾਲ ਦੁਆਰਾ ਸੰਵਿਧਾਨ ਦੇ ਅਨੁਛੇਦ 176 (1) ਦੀ ਪੈਰਵੀ ਵਿਚ ਸ਼ੁੱਕਰਵਾਰ, 21 ਮਾਰਚ, 2025 ਨੂੰ 11.00 ਵਜੇ ਪੂਰਵ ਦੁਪਹਿਰ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਚੰਡੀਗੜ੍ਹ ਵਿਚ ਪੰਜਾਬ ਵਿਧਾਨ ਸਭਾ ਦੇ ਸਨਮੁੱਖ ਭਾਸ਼ਣ।**

---

1. ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 10.50 ਵਜੇ ਪੂਰਵ ਦੁਪਹਿਰ ਤੱਕ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਵਿਚ ਆਪਣੀਆਂ ਸੀਟਾਂ ਤੇ ਹੋਣ।
2. ਉਹ ਅਗਲੀ ਕਤਾਰ ਦੀਆਂ ਸੀਟਾਂ ਨੂੰ ਛੱਡ ਕੇ, ਜੋ ਕਿ ਮਾਣਯੋਗ ਮੁੱਖ ਮੰਤਰੀ / ਮੰਤਰੀਆਂ ਅਤੇ ਲੇਡੀ ਮੈਂਬਰਜ਼ ਲਈ ਰਾਖਵੀਆਂ ਹਨ, ਕਿਸੇ ਵੀ ਸੀਟ ਤੇ ਬੈਠ ਸਕਦੇ ਹਨ।
3. ਮਾਣਯੋਗ ਰਾਜਪਾਲ ਦੇ ਵਿਧਾਨ ਭਵਨ ਦੇ ਸੈਰੀਮੋਨੀਅਲ ਗੇਟ ਤੇ ਪਹੁੰਚਣ ਤੇ, ਮਾਣਯੋਗ ਮੁੱਖ ਮੰਤਰੀ / ਸਪੀਕਰ / ਸੰਸਦੀ ਕਾਜ ਮੰਤਰੀ, ਮੁੱਖ ਸਕੱਤਰ, ਪ੍ਰਮੁੱਖ ਸਕੱਤਰ/ਰਾਜਪਾਲ ਅਤੇ ਸਕੱਤਰ, ਪੰਜਾਬ ਵਿਧਾਨ ਸਭਾ ਉਨ੍ਹਾਂ ਦਾ ਸੁਆਗਤ ਕਰਨਗੇ। ਇਸ ਤੋਂ ਬਾਅਦ, ਉਹ ਸਾਰੇ ਇਕ ਜਲੂਸ ਦੀ ਸ਼ਕਲ ਵਿਚ ਮੈਂਬਰਾਂ ਦੇ ਪਰਵੇਸ਼ ਦੁਆਰ ਰਾਹੀਂ ਹਾਲ ਵਿਚ ਦਾਖਲ ਹੋਣਗੇ।
4. ਮਾਣਯੋਗ ਰਾਜਪਾਲ ਦੇ ਪਹੁੰਚਣ ਦਾ ਸਾਰਜੈਂਟ ਐਟ ਆਰਮਜ਼ ਐਲਾਨ ਕਰੇਗਾ। ਇਸ ਐਲਾਨ ਦੇ ਹੋਣ ਤੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਥਾਵਾਂ ਤੇ ਖੜ੍ਹੇ ਹੋ ਜਾਣ ਅਤੇ ਉਸ ਤੋਂ ਬਾਅਦ ਰਾਸ਼ਟਰੀ ਗੀਤ ਦੀ ਧੁੰਨ ਵਜਾਈ ਜਾਵੇਗੀ ਅਤੇ ਜਦੋਂ ਤਕ ਮਾਣਯੋਗ ਰਾਜਪਾਲ ਆਪਣੀ ਸੀਟ ਤੇ ਨਾ ਬੈਠ ਜਾਣ, ਖੜ੍ਹੇ ਰਹਿਣ।
5. ਇਸ ਉਪਰੰਤ, ਮਾਣਯੋਗ ਰਾਜਪਾਲ ਪੰਜਾਬ ਵਿਧਾਨ ਸਭਾ ਦੇ ਸਨਮੁੱਖ ਭਾਸ਼ਣ ਦੇਣਗੇ।
6. ਵਿਧਾਨ ਸਭਾ ਵਿਚ ਰਾਜਪਾਲ ਦੇ ਭਾਸ਼ਣ ਦੀ ਸਮਾਪਤੀ ਤੋਂ ਬਾਅਦ ਰਾਸ਼ਟਰੀ ਗੀਤ ਦੀ ਧੁੰਨ ਵਜਾਈ ਜਾਵੇਗੀ ਅਤੇ ਰਾਸ਼ਟਰੀ ਗੀਤ ਦੀ ਧੁੰਨ ਖਤਮ ਹੋਣ ਤੱਕ ਮੈਂਬਰ ਸਾਹਿਬਾਨ ਨੂੰ ਆਪਣੀਆਂ ਸੀਟਾਂ ਤੇ ਦੁਬਾਰਾ ਖੜ੍ਹੇ ਰਹਿਣ ਦੀ ਬੇਨਤੀ ਕੀਤੀ ਜਾਂਦੀ ਹੈ।
7. ਰਾਸ਼ਟਰੀ ਗੀਤ ਤੋਂ ਬਾਅਦ ਦੁਬਾਰਾ ਜਲੂਸ ਬਣਾਇਆ ਜਾਵੇਗਾ, ਜੋ ਮੈਂਬਰ ਸਾਹਿਬਾਨ ਦੇ ਪਰਵੇਸ਼ ਦੁਆਰ ਰਾਹੀਂ ਹਾਲ ਤੋਂ ਬਾਹਰ ਚਲਾ ਜਾਵੇਗਾ।
8. ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਮਾਣਯੋਗ ਰਾਜਪਾਲ ਦੇ ਹਾਲ ਤੋਂ ਬਾਹਰ ਜਾਣ ਸਮੇਂ ਆਪਣੀਆਂ ਥਾਂਵਾਂ ਤੇ ਦੁਬਾਰਾ ਖੜ੍ਹੇ ਹੋ ਜਾਣ ਅਤੇ ਮਾਣਯੋਗ ਰਾਜਪਾਲ ਦੇ ਹਾਲ ਤੋਂ ਬਾਹਰ ਜਾਣ ਤਕ ਆਪਣੀਆਂ ਥਾਂਵਾਂ ਤੇ ਖੜ੍ਹੇ ਰਹਿਣ।

**ਚੰਡੀਗੜ੍ਹ:** **ਰਾਮ ਲੋਕ ਖਟਾਣਾ,**

18 **ਮਾਰਚ, 2025** **ਸਕੱਤਰ।**

ਸੇਵਾ ਵਿਚ

**ਪੰਜਾਬ ਵਿਧਾਨ ਸਭਾ ਦੇ ਸਮੂਹ ਮਾਣਯੋਗ ਮੈਂਬਰ ਸਾਹਿਬਾਨ ।**

**ਨੰ: 8—ਐਲ.ਏ.—2025/4086, ਮਿਤੀ ਚੰਡੀਗੜ੍ਹ, 19 ਮਾਰਚ, 2025**

ਕਾਪੀ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ:—

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਸਾਰੇ ਵਧੀਕ ਮੁੱਖ ਸਕੱਤਰ/ਵਿੱਤ ਕਮਿਸ਼ਨਰ/ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਰਾਜਪਾਲ ਪੰਜਾਬ, ਚੰਡੀਗੜ੍ਹ।
4. ਸਕੱਤਰ, ਪੰਜਾਬ ਸਰਕਾਰ, ਸੰਸਦੀ ਕਾਜ ਵਿਭਾਗ, ਚੰਡੀਗੜ੍ਹ।

**ਸੁਪਰਡੰਟ,**

**ਵਾਸਤੇ ਸਕੱਤਰ।**

**ਪਰਤੋਂ ਜੀ.....**

**16TH VIDHAN SABHA**
**EIGHTH (BUDGET)**
**SESSION, 2025**

**PUNJAB LEGISLATIVE ASSEMBLY SECRETARIAT**
**(LEGISLATION BRANCH)**

**No. 8-LA-2025/ 4085**

**GOVERNOR'S ADDRESS TO PUNJAB LEGISLATIVE ASSEMBLY IN PURSUANCE OF ARTICLE 176 (1) OF THE CONSTITUTION, IN THE PUNJAB VIDHAN SABHA HALL, VIDHAN BHAVAN, CHANDIGARH, ON FRIDAY, THE 21ST MARCH, 2025 AT 11.00 A.M.**

1. Hon'ble Members are requested to be in their seats in the Punjab Vidhan Sabha Hall, Vidhan Bhawan, at 10.50 A.M.

2. They may occupy any seat except those in the front rows which are reserved for the Hon'ble Chief Minister / Ministers and the Lady Members.

3. The Hon'ble Governor will, on arrival at the Ceremonial Gate of the Vidhan Bhavan, will be received by the Hon'ble Chief Minister / Speaker / Minister for Parliamentary Affairs, Chief Secretary, Principal Secretary to Hon'ble Governor and the Secretary, Punjab Legislative Assembly. Thereafter, they will all enter the Hall in a formal procession through the Members' entrance.

4. The Hon'ble Governor's arrival will be announced by the Sergeant-at-Arms. On this announcement, all the Members are requested to rise at their places and then the National Anthem will be played and they shall remain standing till the Hon'ble Governor occupies his seat.

5. The Hon'ble Governor will then address the Punjab Legislative Assembly.

6. After the end of the Governor's Address to the Legislative Assembly, National Anthem will be played and the Members are again requested to rise in their places.

7. After the National Anthem has been played, the procession will be re-formed and withdraw from the Hall through the Members' entrance.

8. All the Hon'ble Members are requested to rise again in their places and keep standing till the Hon'ble Governor leaves the Hall.

**CHANDIGARH:**
**THE 18TH MARCH, 2025.**

**RAM LOK KHATANA,**
**SECRETARY.**

To

*All Hon'ble Members of the Punjab Legislative Assembly.*

**No. 8-LA-2025/ 4086, Dated Chandigarh, the 19 March, 2025.**

Copy forwarded for information to –

1. the Chief Secretary to Government, Punjab, Chandigarh;
2. all Additional Chief Secretaries / Financial Commissioners / Principal Secretaries / Administrative Secretaries to Government, Punjab, Chandigarh; and
3. the Principal Secretary to Governor, Punjab, Chandigarh;
4. the Secretary to Government, Punjab, Department of Parliamentary Affairs, Chandigarh.

**SUPERINTENDENT,**
**for SECRETARY.**

**P.T.O.**